# ਦਿੱਤੀਆਂ ਜਾਂਦੀਆਂ ਸੇਵਾਵਾਂ

ਕਲੀਨਿਕ ਦੇ ਮਰੀਜ਼ਾਂ ਲਈ ਸੇਵਾਵਾਂ ਵਿਚ ਸ਼ਾਮਲ ਹਨ:

- ਗਰਭ ਰੋਕਣ ਅਤੇ ਸੰਭੋਗ ਨਾਲ ਲੱਗਣ ਵਾਲੀਆਂ ਬੀਮਾਰੀਆਂ (ਐੱਸ ਟੀ ਆਈ) ਬਾਰੇ ਜਾਣਕਾਰੀ
- ਅਬੌਰਸ਼ਨ (ਗਰਭਪਾਤ) ਦੀ ਸਰਵਿਸ ਅਤੇ ਬਾਅਦ ਵਿਚ ਪੈਰਵੀ
- ਗਰਭ ਰੋਕਣ ਦੇ ਘੱਟ ਖਰਚੇ ਵਾਲੇ ਤਰੀਕਿਆਂ ਦੀ ਵਿਕਰੀ

ਕੀਤੇ ਜਾਂਦੇ ਲੈਬਾਰਟਰੀ ਟੈੱਸਟਾਂ ਵਿਚ ਸ਼ਾਮਲ ਹਨ:

- ਆਰ ਐੱਚ ਫੈਕਟਰ ਟਾਈਪਿੰਗ
- ਪੈਪ ਟੈੱਸਟਿੰਗ
- ਐੱਸ ਟੀ ਆਈ ਸਕਰੀਨਿੰਗ

ਤਜਰਬੇਕਾਰ, ਪੇਸ਼ਾਵਰ ਕੌਂਸਲਰ ਔਰਤਾਂ ਨੂੰ ਮਦਦ ਕਰਨ ਵਾਲੇ ਅਤੇ ਗੁਪਤ ਮਾਹੌਲ ਵਿਚ ਇਨ੍ਹਾਂ ਚੀਜ਼ਾਂ ਲਈ ਦੇਖਦੇ ਹਨ:

- ਉਨ੍ਹਾਂ ਔਰਤਾਂ ਨੂੰ ਫੈਸਲਾ ਕਰਨ ਵਿਚ ਮਦਦ ਲਈ ਕੌਂਸਲਿੰਗ (ਸਲਾਹ-ਮਸ਼ਵਰਾ) ਜਿਨ੍ਹਾਂ ਨੂੰ ਆਪਣੀਆਂ ਚੋਣਾਂ ਦਾ ਪਤਾ ਲਾਉਣ ਵਿਚ ਮਦਦ ਦੀ ਲੋੜ ਹੈ
- ਅਬੌਰਸ਼ਨ ਹੋਣ ਵਾਲੇ ਦਿਨ ਕੌਂਸਲਿੰਗ (ਸਲਾਹ-ਮਸ਼ਵਰਾ) ਗਰਭ ਅਤੇ ਫੈਸਲੇ ਬਾਰੇ ਭਾਵਨਾਵਾਂ ਬਾਰੇ ਗੱਲਬਾਤ ਕਰਨ ਦਾ ਮੌਕਾ ਪ੍ਰਦਾਨ ਕਰਦੀ ਹੈ। ਅਬੌਰਸ਼ਨ ਦੇ ਤਰੀਕੇ ਬਾਰੇ ਅਤੇ ਗਰਭ ਰੋਕਣ ਦੇ ਤਰੀਕਿਆਂ ਬਾਰੇ ਦੱਸਿਆ ਜਾਵੇਗਾ।
- ਅਬੌਰਸ਼ਨ ਤੋਂ ਬਾਅਦ ਵੀ ਕੌਂਸਲਿੰਗ ਦਿੱਤੀ ਜਾਂਦੀ ਹੈ

ਅਬੌਰਸ਼ਨ 16 ਹਫਤੇ 6 ਦਿਨਾਂ ਤੱਕ ਦੇ ਗਰਭ ਲਈ ਕੀਤੇ ਜਾਂਦੇ ਹਨ। ਅਬੌਰਸ਼ਨ ਕਰਨ ਦੌਰਾਨ ਅਤੇ ਬਾਅਦ ਵਿਚ ਸਾਡੇ ਖਿਆਲ ਰੱਖਣ ਵਾਲੀਆਂ ਅਤੇ ਪੇਸ਼ਾਵਰ ਨਰਸਾਂ ਦੇ ਸਟਾਫ ਵਲੋਂ ਮਦਦ ਕੀਤੀ ਜਾਂਦੀ ਹੈ।

ਅਬੌਰਸ਼ਨ, ਤਜਰਬੇਕਾਰ, ਬਹੁਤ ਹੀ ਹੁਨਰਮੰਦ ਡਾਕਟਰਾਂ ਵਲੋਂ ਕੀਤੇ ਜਾਂਦੇ ਹਨ ਅਤੇ ਇਹ ਮਾਸ ਨੂੰ ਸੁਲਾ ਕੇ ਆਵਾਜ਼ ਰਹਿਤ ਵੈਕਿਊਮ ਐਸਪੀਰੇਸ਼ਨ ਤਰੀਕੇ ਨਾਲ ਕੀਤੇ ਜਾਂਦੇ ਹਨ। ਸ਼ਾਂਤ ਰੱਖਣ ਲਈ ਦਵਾਈ ਵੀ ਉਪਬਲਧ ਹੈ। ਗਰਭਪਾਤ ਕਰਨ ਦਾ ਇਹ ਸਭ ਤੋਂ ਸੁਰੱਖਿਅਤ ਅਤੇ ਸੌਖਾ ਤਰੀਕਾ ਹੈ।

# ਅਦਾਇਗੀ

**ਐੱਮ ਐੱਸ ਪੀ ਕਾਰਡਾਂ ਵਾਲਿਆਂ ਲਈ - ਕੋਈ ਫੀਸ ਨਹੀਂ**

ਬੀ ਸੀ ਦਾ ਸਿਹਤ ਮਹਿਕਮਾ ਉਨ੍ਹਾਂ ਔਰਤਾਂ ਲਈ ਕਲੀਨਿਕਾਂ ਵਿਚ ਹੋਣ ਵਾਲੇ ਸਾਰੇ ਅਬੌਰਸ਼ਨਾਂ ਦਾ ਖਰਚਾ ਦਿੰਦਾ ਹੈ ਜਿਨ੍ਹਾਂ ਕੋਲ ਬੀ ਸੀ ਮੈਡੀਕਲ ਇਨਸ਼ੋਰੈਂਸ (ਬੀ.ਸੀ. ਕੇਅਰ ਕਾਰਡ) ਹੈ।

ਐੱਮ ਐੱਸ ਪੀ ਕਵਰੇਜ ਲਈ ਅਪਲਾਈ ਕਰਨ ਲਈ ਮਦਦ ਉਪਲਬਧ ਹੈ।

ਗੈਰ-ਵਸਨੀਕਾਂ ਲਈ ਵੀ ਸੇਵਾਵਾਂ ਇਨ੍ਹਾਂ ਫੀਸਾਂ 'ਤੇ ਉਪਲਬਧ ਹਨ:

| | |
|---|---|
| 12 ਹਫਤਿਆਂ ਤੱਕ ਦੇ ਅਬੌਰਸ਼ਨ ਦੀਆਂ ਸੇਵਾਵਾਂ | 500 ਡਾਲਰ |
| 12-16 ਹਫਤੇ 6 ਦਿਨਾਂ ਤੱਕ ਦੇ ਅਬੌਰਸ਼ਨ ਦੀਆਂ ਸੇਵਾਵਾਂ | 550 ਡਾਲਰ |

ਉਪਰ ਲਿਖੀ ਕੀਮਤ ਵਿਚ ਪੈਰਵੀ ਲਈ ਅਪੌਇੰਟਮੈਂਟ ਵੀ ਸ਼ਾਮਲ ਹੈ।

ਸੂਬੇ ਤੋਂ ਬਾਹਰਲੀਆਂ ਔਰਤਾਂ ਨੂੰ ਆਪਣੇ ਸੂਬੇ ਤੋਂ ਪੈਸੇ ਵਾਪਸ ਲੈਣ ਲਈ ਭੇਜੇ ਜਾਣ ਵਾਲੇ ਫਾਰਮ ਦਿੱਤੇ ਜਾਂਦੇ ਹਨ।

ਅਪੌਇੰਟਮੈਂਟ ਵੇਲੇ ਪੂਰੇ ਪੈਸੇ ਮੰਗੇ ਜਾਂਦੇ ਹਨ। ਅਦਾਇਗੀ ਇਸ ਤਰ੍ਹਾਂ ਕੀਤੀ ਜਾ ਸਕਦੀ ਹੈ: ਨਗਦ, ਡੈਬਿਟ ਜਾਂ ਕਰੈਡਿਟ ਕਾਰਡ। ਨਿੱਜੀ ਚੈੱਕ ਪ੍ਰਵਾਨ ਨਹੀਂ ਕੀਤੇ ਜਾ ਸਕਦੇ।

ਇਲੀਜ਼ਾਬੈਥ ਬੈਗਸ਼ਾਅ ਵਿਮਨਜ਼ ਕਲੀਨਿਕ ਵੈੱਸਟ ਬਰੌਡਵੇਅ 'ਤੇ ਟੌਆਇਜ਼ 'ਆਰ' ਅੱਸ ਸਟੋਰ ਦੇ ਦੂਜੇ ਪਾਸੇ ਹੈ। ਏਰੀਏ ਵਿਚ ਪਬਲਿਕ ਲਈ ਪਾਰਕਿੰਗ ਹੈ।

ਕਲੀਨਿਕ ਵਿਚ ਸੈਂਟ ਲਾ ਕੇ ਆਉਣ ਦੀ ਮਨਾਹੀ ਹੈ।

ਕਲੀਨਿਕ, ਸਾਡੀਆਂ ਸੇਵਾਵਾਂ ਜਾਂ ਅਬੌਰਸ਼ਨ ਬਾਰੇ ਜਾਣਕਾਰੀ ਲੈਣ ਲਈ ਕਿਰਪਾ ਕਰਕੇ www.ebwc.ca 'ਤੇ ਸਾਡਾ ਵੈੱਬਸਾਈਟ ਦੇਖੋ।

# ਮਰੀਜ਼ ਲਈ ਅਬੌਰਸ਼ਨ ਤੋਂ ਪਹਿਲਾਂ ਬਾਰੇ ਜਾਣਕਾਰੀ

1. ਆਪਣੇ ਅਬੌਰਸ਼ਨ ਵਾਲੇ ਦਿਨ ਕਲੀਨਿਕ ਵਿਚ ਕਿਰਪਾ ਕਰਕੇ 2-3 ਘੰਟੇ ਦਾ ਸਮਾਂ ਲੈ ਕੇ ਆਉ। ਅਬੌਰਸ਼ਨ ਨੂੰ ਤਾਂ ਸਿਰਫ 10-15 ਮਿੰਟ ਹੀ ਲੱਗਦੇ ਹਨ।

2. ਛੋਟੇ ਅਪਰੇਸ਼ਨ ਲਈ ਤੁਸੀਂ ਜਾਗਦੇ ਹੁੰਦੇ ਹੋ ਅਤੇ ਤੁਹਾਨੂੰ ਆਰਾਮਦੇਹ ਰੱਖਣ ਲਈ ਦਵਾਈ ਉਪਲਬਧ ਹੈ।

3. ਆਪਣੀ ਅਪੌਇੰਟਮੈਂਟ ਦੇ ਸਮੇਂ ਤੋਂ ਘੱਟੋ ਘੱਟ ਚਾਰ ਘੰਟੇ ਪਹਿਲਾਂ ਕਿਰਪਾ ਕਰਕੇ ਕੁਝ ਨਾ ਖਾਉ। ਆਪਣੀ ਅਪੌਇੰਟਮੈਂਟ ਦੇ ਸਮੇਂ ਤੱਕ ਪੀਣ ਵਾਲੀਆਂ ਸਾਫ ਚੀਜ਼ਾਂ ਪੀਤੀਆਂ ਜਾ ਸਕਦੀਆਂ ਹਨ।

4. ਦਵਾਈਆਂ ਦਿੱਤੀਆਂ ਹੋਣ ਕਰਕੇ, ਅਸੀਂ ਤੁਹਾਨੂੰ ਬੇਨਤੀ ਕਰਦੇ ਹਾਂ ਕਿ ਆਪਣੇ ਅਬੌਰਸ਼ਨ ਤੋਂ ਬਾਅਦ 24 ਘੰਟਿਆਂ ਲਈ ਗੱਡੀ ਨਾ ਚਲਾਉ। ਤੁਹਾਡੇ ਨਾਲ ਕਲੀਨਿਕ ਵਿਚ ਕੋਈ ਆ ਸਕਦਾ ਹੈ ਜਾਂ ਤੁਸੀਂ ਆਵਾਜਾਈ ਦੇ ਪਬਲਿਕ ਸਿਸਟਮ 'ਤੇ ਘਰ ਨੂੰ ਜਾ ਸਕਦੇ ਹੋ।

5. ਸਾਡੇ ਉਡੀਕ ਕਰਨ ਵਾਲੇ ਕਮਰੇ ਦੇ ਆਕਾਰ ਦੀਆਂ ਸੀਮਾਵਾਂ ਕਾਰਨ ਅਤੇ ਦੂਜਿਆਂ ਦਾ ਖਿਆਲ ਰੱਖਣ ਲਈ ਕਿਰਪਾ ਕਰਕੇ ਆਪਣੇ ਅਬੌਰਸ਼ਨ ਵਾਲੇ ਦਿਨ ਬੱਚਿਆਂ ਨੂੰ ਕਲੀਨਿਕ ਵਿਚ ਨਾ ਲੈ ਕੇ ਆਉ। ਇਸ ਦੇ ਨਾਲ ਹੀ, ਜੇ ਤੁਸੀਂ ਕਲੀਨਿਕ ਵਿਚ ਆਪਣੇ ਨਾਲ ਕਿਸੇ ਨੂੰ ਲਿਆਉਣਾ ਚਾਹੁੰਦੇ ਹੋ ਤਾਂ ਕਿਰਪਾ ਕਰਕੇ ਇਹ ਗੱਲ ਨੋਟ ਕਰੋ ਕਿ ਤੁਹਾਡੇ ਨਾਲ ਕਲੀਨਿਕ ਵਿਚ ਸਿਰਫ ਇਕ ਵਿਅਕਤੀ ਨੂੰ ਹੀ ਆਉਣ ਦਿੱਤਾ ਜਾਵੇਗਾ। ਤੁਹਾਨੂੰ ਦੋਨਾਂ ਨੂੰ ਫੋਟੋ ਵਾਲਾ ਪਛਾਣ ਪੱਤਰ ਦਿਖਾਉਣ ਦੀ ਲੋੜ ਪਵੇਗੀ।

# ਅਪੌਇੰਟਮੈਂਟ ਬਣਾਉਣ ਲਈ

ਇਲੀਜ਼ਾਬੈਥ ਬੈਗਸ਼ਾਅ ਵਿਮਨਜ਼ ਕਲੀਨਿਕ ਕੰਮ ਕਾਰ ਵਾਲੇ ਦਿਨਾਂ ਨੂੰ ਸਵੇਰ ਦੇ 8:30 ਵਜੇ ਤੋਂ ਲੈ ਕੇ ਬਾਅਦ ਦੁਪਹਿਰ 4:30 ਵਜੇ ਤੱਕ ਖੁਲ੍ਹਾ ਹੁੰਦਾ ਹੈ ਪਰ ਸਰਕਾਰੀ ਛੁੱਟੀਆਂ ਵਾਲੇ ਦਿਨ ਬੰਦ ਹੁੰਦਾ ਹੈ।

ਅਪੌਇੰਟਮੈਂਟ ਬਣਾਉਣ ਲਈ ਜਾਂ ਹੋਰ ਜਾਣਕਾਰੀ ਲੈਣ ਲਈ ਕਿਰਪਾ ਕਰਕੇ ਫੋਨ ਕਰੋ

**604-736-7878**

**ਕਿਰਪਾ ਕਰਕੇ ਅਪੌਇੰਟਮੈਂਟ ਬਣਾਏ ਬਿਨਾਂ ਨਾ ਆਉ**

ਮਰੀਜ਼ ਸਿੱਧੇ ਆਪ ਆ ਸਕਦੇ ਹਨ, ਡਾਕਟਰਾਂ, ਸਿਹਤ ਸੰਸਥਾਵਾਂ, ਔਰਤਾਂ ਦੇ ਗਰੁੱਪਾਂ ਜਾਂ ਸੋਸ਼ਲ ਸਰਵਿਸ ਏਜੰਸੀਆਂ ਵਲੋਂ ਭੇਜੇ ਜਾ ਸਕਦੇ ਹਨ।

*ਇਲੀਜ਼ਾਬੈਥ ਬੈਗਸ਼ਾਅ ਵਿਮਨਜ਼ ਕਲੀਨਿਕ ਬਿਨਾਂ ਮੁਨਾਫੇ ਤੋਂ ਕੰਮ ਕਰਨ ਵਾਲਾ ਇਕ ਰਜਿਸਟਰਸ਼ੁਦਾ, ਮਾਨਤਾ ਪ੍ਰਾਪਤ ਮੈਡੀਕਲ ਸਥਾਨ ਹੈ ਜੋ ਕਿ ਸੁਰੱਖਿਅਤ ਅਤੇ ਗੁਪਤ ਮਾਹੌਲ ਵਿਚ ਪੂਰੇ ਸਲਾਹ-ਮਸ਼ਵਰੇ ਨਾਲ ਰੀਪ੍ਰੋਡਕਟਿਵ ਅਤੇ ਅਬੌਰਸ਼ਨ ਦੀਆਂ ਸੇਵਾਵਾਂ ਦੇਣ ਲਈ ਵਚਨਬੱਧ ਹੈ।*

*ਇਲੀਜ਼ਾਬੈਥ ਬੈਗਸ਼ਾਅ ਵਿਮਨਜ਼ ਕਲੀਨਿਕ ਦਾ ਨਾਂ ਇਕ ਡਾਕਟਰ ਦੇ ਨਾਂ 'ਤੇ ਰੱਖਿਆ ਗਿਆ ਹੈ ਜਿਸ ਨੇ 1930ਵਿਆਂ ਵਿਚ ਕੈਨੇਡਾ ਵਿਚ ਸਭ ਤੋਂ ਪਹਿਲਾ ਕਮਿਊਨਟੀ ਬਰਥ ਕੰਟਰੋਲ ਕਲੀਨਿਕ ਖੋਲ੍ਹਿਆ ਸੀ ਅਤੇ ਇਸ ਵਿਚ ਪ੍ਰੈਕਟਿਸ ਕੀਤੀ ਸੀ। ਡਾਕਟਰ ਬੈਗਸ਼ਾਅ ਨੇ ਆਪਣੀ ਪੇਸ਼ਾਵਰ ਜ਼ਿੰਦਗੀ ਫੈਮਿਲੀ ਪਲੈਨਿੰਗ ਲਈ ਅਤੇ ਔਰਤਾਂ ਵਲੋਂ ਜਾਣਕਾਰੀ ਲੈ ਕੇ ਚੋਣਾਂ ਕਰਨ ਵਿਚ ਮਦਦ ਲਈ ਲਗਾ ਦਿੱਤੀ।*

## ਸਾਡਾ ਨਿਸ਼ਾਨ

ਪੀਓਨੀ: ਇਕ ਵਾਰ ਇਹ ਯਕੀਨ ਕੀਤਾ ਜਾਂਦਾ ਸੀ ਕਿ ਜੇ ਕਿਸੇ ਔਰਤ ਨੂੰ ਮਾਹਵਾਰੀ ਆਉਣੀ ਬੰਦ ਹੋ ਜਾਵੇ ਅਤੇ ਜੇ ਉਹ ਔਰਤ ਪੀਓਨੀ ਦੀ ਜੜ੍ਹ ਨੂੰ ਗਲ ਵਿਚ ਲਮਕਣ ਵਾਲੇ ਗਹਿਣੇ ਵਜੋਂ ਪਹਿਨੇ ਤਾਂ ਉਸ ਦੀ ਆਮ ਮਾਹਵਾਰੀ ਮੁੜ ਕੇ ਸ਼ੁਰੂ ਹੋ ਸਕਦੀ ਹੈ।

"ਇਲੀਜ਼ਾਬੈਥ ਬੈਗਸ਼ਾਅ ਵਿਮਨਜ਼ ਕਲੀਨਿਕ ਵਿਖੇ ਅਸੀਂ ਇਹ ਯਕੀਨ ਕਰਦੇ ਹਾਂ ਕਿ ਹਰ ਔਰਤ ਨੂੰ ਆਜ਼ਾਦ ਚੋਣ ਕਰਨ, ਵਧੀਆ ਸੰਭਾਲ ਅਤੇ ਭੇਤਦਾਰੀ ਦਾ ਹੱਕ ਹੈ।"

ਇਲੀਜ਼ਾਬੈਥ ਬੈਗਸ਼ਾਅ
ਵਿਮਨਜ਼ ਕਲੀਨਿਕ

#200 - 1177 West Broadway
Vancouver, B.C. V6H 1G3
ਟੈਲੀਫੋਨ: (604) 736-7878
ਫੈਕਸ: (604) 736-8081
ਟੋਲ ਫ੍ਰੀ: 1-877-736-7171
www.ebwc.ca

[Punjabi]

# ਇਲੀਜ਼ਾਬੈਥ ਬੈਗਸ਼ਾਅ ਵਿਮਨਜ਼ ਕਲੀਨਿਕ

# ELIZABETH BAGSHAW WOMEN'S CLINIC

## ਔਰਤਾਂ ਨੂੰ ਉੱਚ ਪੱਧਰ ਦੀ ਸਿਹਤ ਸੰਭਾਲ ਪ੍ਰਦਾਨ ਕਰਨਾ

*Providing Quality Health Care to Women*

#200 - 1177 West Broadway
Vancouver, B.C. V6H 1G3
ਟੈਲੀਫੋਨ: (604) 736-7878
ਫੈਕਸ: (604) 736-8081
ਟੋਲ ਫ੍ਰੀ: 1-877-736-7171
www.ebwc.ca